This translation is out of date. You are encouraged to distribute the up-to-date English-language version at the same time as the outdated translation.
To access descriptions of changes of outdated VISs, go to **www.immunize.org/vis**.

IMM 502 ML

# ਹੈਪੇਟਾਈਟਸ ਏ ਦਾ ਲੋਦਾ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

## 1 ਹੈਪੇਟਾਈਟਸ ਏ ਕੀ ਹੈ?

ਹੈਪੇਟਾਈਟਸ ਏ, ਜਿਗਰ ਦੀ ਇਕ ਗੰਭੀਰ ਬੀਮਾਰੀ ਹੈ ਜੋ ਕਿ ਹੈਪੇਟਾਈਟਸ ਏ ਵਾਇਰਸ (HAV) ਨਾਲ ਹੁੰਦੀ ਹੈ। HAV, ਹੈਪੇਟਾਈਟਸ ਏ ਦੀ ਬੀਮਾਰੀ ਲੱਗੇ ਵਿਅਕਤੀਆਂ ਦੀ ਟੱਟੀ ਵਿਚ ਹੁੰਦਾ ਹੈ। ਇਹ ਆਮ ਤੌਰ ਤੇ ਨਿੱਜੀ ਸੰਪਰਕ ਨਾਲ ਅਤੇ ਕਦੇ ਕਦੇ, HAV ਦੀ ਲਾਗ ਵਾਲਾ ਖਾਣਾ ਖਾਣ ਜਾਂ ਪਾਣੀ ਪੀਣ ਨਾਲ ਫੈਲਦਾ ਹੈ।

ਹੈਪੇਟਾਈਟਸ ਏ ਨਾਲ:
- "ਜ਼ੁਕਾਮ ਵਰਗੀ" ਹਲਕੀ ਬੀਮਾਰੀ ਲੱਗ ਸਕਦੀ ਹੈ
- ਪੀਲੀਆ ਹੋ ਸਕਦਾ ਹੈ (ਚਮੜੀ ਅਤੇ ਅੱਖਾਂ ਲਾਲ ਹੋਣਾ)
- ਢਿੱਡ ਵਿਚ ਬਹੁਤ ਦਰਦ ਹੋ ਸਕਦੀ ਹੈ ਅਤੇ ਟੱਟੀਆਂ ਲੱਗ ਸਕਦੀਆਂ ਹਨ

ਹੈਪੇਟਾਈਟਸ ਏ ਦੀ ਬੀਮਾਰੀ ਵਾਲੇ ਲੋਕਾਂ ਨੂੰ ਅਕਸਰ ਹਸਪਤਾਲ ਦਾਖਲ ਕਰਵਾਉਣਾ ਪੈਂਦਾ ਹੈ। ਬਹੁਤ ਘੱਟ ਕੇਸਾਂ ਵਿਚ, ਹੈਪੇਟਾਈਟਸ ਏ ਨਾਲ ਮੌਤ ਵੀ ਹੋ ਸਕਦੀ ਹੈ।



ਹੈਪੇਟਾਈਟਸ ਏ ਦੀ ਬੀਮਾਰੀ ਲੱਗਾ ਕੋਈ ਵਿਅਕਤੀ, ਸੌਖਿਆਂ ਹੀ ਇਹ ਬੀਮਾਰੀ ਘਰ ਦੇ ਦੂਜੇ ਮੈਂਬਰਾਂ ਤੱਕ ਪਹੁੰਚਾ ਸਕਦਾ ਹੈ।

**ਹੈਪੇਟਾਈਟਸ ਏ ਦਾ ਲੋਦਾ ਹੈਪੇਟਾਈਟਸ ਏ ਤੋਂ ਬਚਾਉ ਕਰ ਸਕਦਾ ਹੈ।**

## 2 ਹੈਪੇਟਾਈਟਸ ਏ ਦਾ ਲੋਦਾ ਕਿਸ ਨੂੰ ਅਤੇ ਕਦੋਂ ਲਵਾਉਣਾ ਚਾਹੀਦਾ ਹੈ?

- ਦੋ ਸਾਲ ਜਾਂ ਜ਼ਿਆਦਾ ਉਮਰ ਦੇ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਇਹ ਲੋਦਾ ਲਵਾਉਣਾ ਚਾਹੀਦਾ ਹੈ, ਜਿਹੜੇ ਹੈਪੇਟਾਈਟਸ ਏ ਦੇ ਜ਼ਿਆਦਾ ਕੇਸਾਂ ਵਾਲੇ ਮੁਲਖਾਂ ਵਿਚ ਜਾ ਰਹੇ ਹਨ ਜਾਂ ਉੱਥੇ ਕੰਮ ਕਰ ਰਹੇ ਹਨ, ਜਿਵੇਂ ਕਿ ਸੈਂਟਰਲ ਜਾਂ ਸਾਊਥ ਅਮਰੀਕਾ, ਕੈਰੇਬੀਅਨ, ਮੈਕਸੀਕੋ, ਏਸ਼ੀਆ (ਜਪਾਨ ਤੋਂ ਬਿਨਾਂ), ਅਫਰੀਕਾ, ਅਤੇ ਦੱਖਣੀ ਜਾਂ ਪੂਰਬੀ ਯੂਰਪ। *ਇਹ ਲੋਦੇ ਸਫਰ ਤੇ ਜਾਣ ਤੋਂ, ਘੱਟੋ ਘੱਟ ਇਕ ਮਹੀਨਾ ਪਹਿਲਾਂ ਲਾਉਣੇ ਸ਼ੁਰੂ ਕਰਨੇ ਚਾਹੀਦੇ ਹਨ।*
- ਜਿਹੜੇ ਵਿਅਕਤੀ ਉਨ੍ਹਾਂ ਕਮਿਉਨਟੀਆਂ ਵਿਚ ਰਹਿੰਦੇ ਹਨ, ਜਿੱਥੇ ਹੈਪੇਟਾਈਟਸ ਏ ਲੰਮੇ ਸਮੇਂ ਲਈ ਫੈਲੀ ਰਹੀ ਸੀ।
- ਜਿਹੜੇ ਵਿਅਕਤੀ ਉਨ੍ਹਾਂ ਕਮਿਉਨਟੀਆਂ ਵਿਚ ਰਹਿੰਦੇ ਹਨ, ਜਿੱਥੇ ਹੈਪੇਟਾਈਟਸ ਏ ਹੋਣ ਦੀ ਦਰ ਜ਼ਿਆਦਾ ਹੈ: ਉਦਾਹਰਣ ਵਜੋਂ, ਅਮੈਰੇਕਨ ਇੰਡੀਅਨ, ਅਲਾਸਕਾ ਨੇਟਿਵ, ਅਤੇ ਪੈਸੇਫਿਕ ਆਈਲੈਂਡਰ ਕਮਿਉਨਟੀਆਂ ਅਤੇ ਕੁਝ ਧਾਰਮਿਕ ਕਮਿਉਨਟੀਆਂ।
- ਜਿਹੜੇ ਮਰਦ, ਮਰਦਾਂ ਨਾਲ ਸੰਭੋਗ ਕਰਦੇ ਹਨ।
- ਜਿਹੜੇ ਵਿਅਕਤੀ ਸਟਰੀਟ ਡਰੱਗਜ਼ (ਨਸ਼ੇ) ਵਰਤਦੇ ਹਨ।
- ਜਿਨ੍ਹਾਂ ਨੂੰ ਜਿਗਰ ਦੀ ਪੁਰਾਣੀ ਬੀਮਾਰੀ ਹੈ।
- ਜਿਹੜੇ ਵਿਅਕਤੀ ਕਲੋਟਿੰਗ ਲਈ ਦਵਾਈਆਂ ਲੈਂਦੇ ਹਨ।

ਚਿਰਾਂ ਤੱਕ ਬਚਾਉ ਕਰਨ ਲਈ, 6 ਮਹੀਨੇ ਦੇ ਫਰਕ ਨਾਲ ਵੈਕਸੀਨ ਦੇ **ਦੋ ਲੋਦੇ** ਲਵਾਉਣ ਦੀ ਲੋੜ ਹੈ।

ਹੈਪੇਟਾਈਟਸ ਏ ਦਾ ਲੋਦਾ, ਦੂਜੇ ਲੋਦਿਆਂ ਦੇ ਨਾਲ ਹੀ ਲਾਇਆ ਜਾ ਸਕਦਾ ਹੈ।



## 3 ਕੁਝ ਲੋਕਾਂ ਨੂੰ ਹੈਪੇਟਾਈਟਸ ਏ ਦਾ ਲੋਦਾ ਨਹੀਂ ਲਵਾਉਣਾ ਚਾਹੀਦਾ ਜਾਂ ਉਨ੍ਹਾਂ ਨੂੰ ਉਡੀਕ ਕਰਨੀ ਚਾਹੀਦੀ ਹੈ

ਉਨ੍ਹਾਂ ਲੋਕਾਂ ਨੂੰ ਹੈਪੇਟਾਈਟਸ ਏ ਦਾ ਦੂਜਾ ਲੋਦਾ ਨਹੀਂ ਲਵਾਉਣਾ ਚਾਹੀਦਾ, ਜਿਨ੍ਹਾਂ ਨੂੰ ਕਦੇ ਵੀ ਹੈਪੇਟਾਈਟਸ ਏ ਦੇ ਪਹਿਲੇ ਲੋਦੇ ਤੋਂ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਇਆ ਹੈ।

ਜਿਹੜੇ ਲੋਕ, ਲੋਦਾ ਲਵਾਉਣ ਲਈ ਮਿੱਥੇ ਸਮੇਂ, ਥੋੜ੍ਹੇ ਜਿਹੇ ਬੀਮਾਰ ਹਨ, ਉਨ੍ਹਾਂ ਨੂੰ ਹੈਪੇਟਾਈਟਸ ਏ ਦਾ ਲੋਦਾ ਲਵਾ ਲੈਣਾ ਚਾਹੀਦਾ ਹੈ। ਦਰਮਿਆਨੀ ਜਾਂ ਗੰਭੀਰ ਬੀਮਾਰੀਆਂ ਵਾਲੇ ਲੋਕਾਂ ਨੂੰ ਆਮ ਤੌਰ ਤੇ ਠੀਕ ਹੋਣ ਤੱਕ ਉਡੀਕ ਕਰਨੀ ਚਾਹੀਦੀ ਹੈ। ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਸਲਾਹ ਦੇ ਸਕਦੇ ਹਨ।

ਗਰਭਵਤੀ ਔਰਤਾਂ ਲਈ, ਹੈਪੇਟਾਈਟਸ ਏ ਦੇ ਲੋਦੇ ਦੀ ਸੇਫਟੀ ਬਾਰੇ ਅਜੇ ਪਤਾ ਨਹੀਂ ਹੈ। ਪਰ ਗਰਭਵਤੀ ਔਰਤ ਜਾਂ ਗਰਭ ਵਿਚਲੇ ਬੱਚੇ ਨੂੰ ਖਤਰਾ ਬਹੁਤ ਘੱਟ ਸਮਝਿਆ ਜਾਂਦਾ ਹੈ।

ਹੋਰ ਜਾਣਕਾਰੀ ਲਈ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

## 4 ਹੈਪੇਟਾਈਟਸ ਏ ਦੇ ਲੋਦੇ ਤੋਂ ਕੀ ਖਤਰੇ ਹਨ?

ਕਿਸੇ ਵੀ ਬੀਮਾਰੀ ਦਾ ਲੋਦਾ, ਕਿਸੇ ਵੀ ਦਵਾਈ ਵਾਂਗ, ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ। ਹੈਪੇਟਾਈਟਸ ਏ ਦੇ ਲੋਦੇ ਨਾਲ, ਗੰਭੀਰ ਨੁਕਸਾਨ, ਜਾਂ ਮੌਤ ਹੋਣ ਦੇ ਖਤਰੇ ਬਹੁਤ ਹੀ ਘੱਟ ਹਨ।

ਹੈਪੇਟਾਈਟਸ ਏ ਦਾ ਲੋਦਾ, ਹੈਪੇਟਾਈਟਸ ਏ ਦੀ ਬੀਮਾਰੀ ਨਾਲੋਂ ਕਿਤੇ ਜ਼ਿਆਦਾ ਸੁਰੱਖਿਅਤ ਹੈ।

**ਹਲਕੀਆਂ ਸਮੱਸਿਆਵਾਂ**

- ਲੋਦਾ ਲੱਗਾ ਥਾਂ ਦੁਖਣਾ *(2 ਬਾਲਗਾਂ ਵਿਚੋਂ ਤਕਰੀਬਨ 1 ਦੇ, ਅਤੇ 5 ਬੱਚਿਆਂ ਵਿਚੋਂ 1 ਬੱਚੇ ਦੇ)*
- ਸਿਰਦਰਦ *(6 ਬਾਲਗਾਂ ਵਿਚੋਂ ਤਕਰੀਬਨ 1 ਦੇ ਅਤੇ 20 ਬੱਚਿਆਂ ਵਿਚੋਂ 1 ਦੇ)*
- ਭੁੱਖ ਨਾ ਲੱਗਣਾ *(ਤਕਰੀਬਨ 12 ਬੱਚਿਆਂ ਵਿਚੋਂ 1 ਨੂੰ)*
- ਥਕੇਂਵਾਂ *(ਤਕਰੀਬਨ 14 ਬਾਲਗਾਂ ਵਿਚੋਂ 1 ਨੂੰ)*

ਜੇ ਇਹ ਸਮੱਸਿਆਵਾਂ ਆਉਣ, ਤਾਂ ਇਹ ਆਮ ਤੌਰ ਤੇ ਲੋਦੇ ਲੱਗਣ ਤੋਂ 3-5 ਦਿਨ ਬਾਅਦ ਆਉਂਦੀਆਂ ਹਨ ਅਤੇ 1 ਜਾਂ 2 ਦਿਨਾਂ ਲਈ ਰਹਿੰਦੀਆਂ ਹਨ।

**ਗੰਭੀਰ ਸਮੱਸਿਆਵਾਂ**

- ਲੋਦਾ ਲੱਗਣ ਤੋਂ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਵਿਚ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ *(ਪਰ ਅਜਿਹਾ ਬਹੁਤ ਘੱਟ ਹੁੰਦਾ ਹੈ)।*

## 5 ਜੇ ਦਰਮਿਆਨਾ ਜਾਂ ਗੰਭੀਰ ਰੀਐਕਸ਼ਨ ਹੋ ਜਾਵੇ ਤਾਂ ਕੀ ਹੋਵੇਗਾ?

**ਮੈਨੂੰ ਕੀ ਦੇਖਣਾ ਚਾਹੀਦਾ ਹੈ?**

ਕੋਈ ਵੀ ਅਸਾਧਾਰਣ ਹਾਲਤ, ਜਿਵੇਂ ਕਿ ਤੇਜ਼ ਬੁਖਾਰ ਜਾਂ ਵਤੀਰੇ ਵਿਚ ਤਬਦੀਲੀਆਂ। ਅਲਰਜੀ ਦੇ ਗੰਭੀਰ ਰੀਐਕਸ਼ਨ ਦੀਆਂ ਨਿਸ਼ਾਨੀਆਂ ਵਿਚ, ਸਾਹ ਲੈਣ ਵਿਚ ਔਖਿਆਈ, ਘੱਗੀ ਆਵਾਜ਼ ਜਾਂ ਸ਼ੂਕਣਾ, ਛਪਾਕੀ, ਪਿਲੱਤਣ, ਕਮਜ਼ੋਰੀ, ਦਿਲ ਤੇਜ਼ ਧੜਕਣਾ ਜਾਂ ਚੱਕਰ ਆਉਣੇ ਸ਼ਾਮਲ ਹੋ ਸਕਦੇ ਹਨ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਡਾਕਟਰ ਨੂੰ ਫੋਨ ਕਰੋ, ਜਾਂ ਉਸ ਵਿਅਕਤੀ ਨੂੰ ਫੌਰਨ ਡਾਕਟਰ ਕੋਲ ਲੈ ਕੇ ਜਾਵੋ।
- ਆਪਣੇ ਡਾਕਟਰ ਨੂੰ ਦੱਸੋ ਕਿ ਕੀ ਹੋਇਆ ਹੈ, ਕਿਸ ਤਰੀਕ ਅਤੇ ਸਮੇਂ ਹੋਇਆ ਹੈ, ਅਤੇ ਇਹ ਵੀ ਦੱਸੋ ਕਿ ਲੋਦਾ ਕਦੋਂ ਲਾਇਆ ਗਿਆ ਸੀ।
- ਆਪਣੇ ਡਾਕਟਰ, ਨਰਸ, ਜਾਂ ਸਿਹਤ ਵਿਭਾਗ ਨੂੰ ਵੈਕਸੀਨ ਐਡਵਰਸ ਈਵੈਂਟ ਰਿਪੋਰਟਿੰਗ ਸਿਸਟਮ (ਵੀ ਏ ਈ ਆਰ ਐੱਸ) ਫਾਰਮ ਭਰਨ ਲਈ ਕਹੋ, ਜਾਂ ਵੀ ਏ ਈ ਆਰ ਐੱਸ ਨੂੰ ਆਪ **1-800-822-7967** ਤੇ ਫੋਨ ਕਰੋ।

## 6 ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

- ਆਪਣੇ ਡਾਕਟਰ, ਨਰਸ ਜਾਂ ਸਿਹਤ ਵਿਭਾਗ ਨੂੰ ਕਹੋ ਕਿ ਉਹ Vaccine Adverse Event Report (VAERS) (ਵੈਕਸੀਨ ਐਡਵਰਸ ਇਵੈਂਟ ਰਿਪੋਰਟ ਫਾਰਮ) ਭਰਨ ਜਾਂ ਤੁਸੀਂ ਆਪ VAERS ਨੂੰ **1-800 -822-7967** ਤੇ ਮੁਫਤ ਫੋਨ ਕਰੋ।
- ਆਪਣੇ ਸਥਾਨਕ ਜਾਂ ਸਟੇਟ ਹੈਲਥ ਡਿਪਾਰਟਮੈਂਟ ਨੂੰ ਫੋਨ ਕਰੋ।
- The Centers for Disease Control and Prevention (CDC) ਨਾਲ ਸੰਪਰਕ ਕਰੋ:
  - **1-800-232-2522** ਤੇ ਫੋਨ ਕਰੋ (ਅੰਗਰੇਜ਼ੀ ਵਿਚ)
  - **http://www.cdc.gov/nip** ਤੇ ਨੈਸ਼ਨਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ। ਜਾਂ**http://www.cdc.gov/ncidod/diseases/hepatitis/hepatitis.htm** ਤੇ CDC ਦਾ ਹੈਪੇਟਾਈਟਸ ਬਾਰੇ ਵੈੱਬਸਾਈਟ ਦੇਖੋ

### ਇਮਿਊਨ ਗਲੋਬੂਲਿਨ (IG)

ਇਮਿਊਨ ਗਲੋਬੂਲਿਨ ਨਾਲ ਹੈਪੇਟਾਈਟਸ ਏ ਤੋਂ *ਟੈਂਪਰੇਰੀ* ਸੁਰੱਖਿਆ ਮਿਲ ਸਕਦੀ ਹੈ।

**IG ਕਿਸ ਨੂੰ ਲੈਣੀ ਚਾਹੀਦੀ ਹੈ?**
- ਜਿਹੜੇ ਵਿਅਕਤੀ HAV ਦੀ ਬੀਮਾਰੀ ਦੇ ਸੰਪਰਕ ਵਿਚ ਆਏ ਹਨ ਅਤੇ ਉਹ ਇਸ ਸੰਪਰਕ ਤੋਂ ਬਾਅਦ 2 ਹਫਤਿਆਂ ਦੇ ਵਿਚ ਵਿਚ IG ਲੈ ਸਕਦੇ ਹਨ।
- ਹੈਪੇਟਾਈਟਸ ਏ ਦੇ ਜ਼ਿਆਦਾ ਕੇਸਾਂ ਵਾਲੇ ਇਲਾਕਿਆਂ ਵਿਚ ਜਾਣ ਵਾਲੇ ਵਿਅਕਤੀ, ਜੇ ਉਨ੍ਹਾਂ ਨੇ ਹੈਪੇਟਾਈਟਸ ਏ ਦਾ ਲੋਦਾ ਨਹੀਂ ਲਵਾਇਆ।

**IG ਕਦੋਂ ਦਿੱਤੀ ਜਾਣੀ ਚਾਹੀਦੀ ਹੈ?**
ਇਹ HAV ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਜਾਂ ਸੰਪਰਕ ਵਿਚ ਆਉਣ ਤੋਂ ਬਾਅਦ 2 ਹਫਤਿਆਂ ਵਿਚ ਦਿੱਤੀ ਜਾ ਸਕਦੀ ਹੈ

**ਫਾਇਦੇ**
IG, HAV (ਐੱਚ ਏ ਵੀ) ਤੋਂ 3-5 ਮਹੀਨਿਆਂ ਲਈ ਬਚਾਉਂਦੀ ਹੈ, ਪਰ ਇਹ ਇਸ ਦੀ ਮਾਤਰਾ ਤੇ ਨਿਰਭਰ ਕਰਦਾ ਹੈ।

**ਖਤਰੇ**
ਬਹੁਤ ਘੱਟ: ਸੋਜ, ਛਪਾਕੀ ਜਾਂ ਅਲਰਜੀ ਦਾ ਰੀਐਕਸ਼ਨ।


CDC CENTERS FOR DISEASE CONTROL AND PREVENTION

**U.S. DEPARTMENT OF HEALTH & HUMAN SERVICES**
Centers for Disease Control and Prevention
National Immunization Program

Vaccine Information Statement
Hepatitis A IMM 502 ML Punjabi (8/25/98)
Translated by Transcend Translations, Davis, CA
http://www.transcend.net